**Shikshan Sanshodhan** : Journal of Arts, Humanities and Social Sciences
Monthly, Peer-Reviewed, Refereed, Indexed Journal
Volume - 6, Issue - 4, April - 2023

ISSN(o): 2581-6241
Impact Factor: 6.471
Publication Date: 25/04/2023

DOIs:10.2018/SS/202304003 --:-- Research Paper / Article / Review

# ਅਮਰੀਕ ਸਿੰਘ ਦੇ ਨਾਟਕ 'ਅਨੀਤਾ ਦਾ ਫ਼ੈਸਲਾ' ਦੇ ਨਾਰੀ ਸਰੋਕਾਰ

**ਬਲਵਿੰਦਰ ਕੌਰ**

ਖੋਜਾਰਥੀ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)

Email - bal8444@gmail.com

ਅਮਰੀਕ ਸਿਘ ਦਾ ਪੰਜਾਬੀ ਨਾਟਕ ਵਿੱਚ ਵਿਸ਼ੇਸ਼ ਸਥਾਨ ਹੈ। ਉਸ ਨੇ ਆਪਣੇ ਨਾਟਕਾਂ ਵਿੱਚ ਆਪਣੇ ਸਮਕਾਲ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। 2002 ਵਿਚ ਉਹ ਨਾਰੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਨਾਟਕ ਲਿਖਣ ਵੱਲ ਅਗਰਸਰ ਹੁੰਦਾ ਹੈ। ਅਮਰੀਕ ਸਿੰਘ ਦਾ 2002 ਵਿਚ ਰਚਿਆ ਨਾਟਕ 'ਅਨੀਤਾ ਦਾ ਫੈਸਲਾ' ਹੈ। ਨਾਰੀ ਚੇਤਨਾ ਦੀ ਧਰਾਤਲ ਤੇ ਵਿਚਰਦੇ ਇਸ ਨਾਟਕ ਵਿਚ ਵਿਆਹ ਨੂੰ ਇਕ ਸਮੱਸਿਆ ਵਜੋਂ ਪੇਸ਼ ਕੀਤਾ ਗਿਆ ਹੈ। ਅੱਜ ਦੀ ਔਰਤ ਆਪਣੇ ਪ੍ਰਤੀ ਸੁਚੇਤ ਹੋਣ ਕਰਕੇ ਵਿਆਹ ਵਰਗੇ ਫ਼ੈਸਲੇ ਖ਼ੁਦ ਲੈਣਾ ਚਾਹੁੰਦੀ ਹੈ। ਉਹ ਆਉਣ ਵਾਲ਼ੇ ਭਵਿੱਖ ਤੋਂ ਡਰਦੀ ਵੀ ਹੈ ਅਤੇ ਆਪਣੇ ਭੂਤਕਾਲ ਨੂੰ ਵੀ ਦੇਖਦੀ ਹੈ।

ਅਨੀਤਾ ਨਾਂ ਦੀ ਔਰਤ ਦੁਆਲ਼ੇ ਘੁੰਮਦੀ ਇਸ ਨਾਟਕ ਦੀ ਕਹਾਣੀ ਮੱਧਵਰਗੀ ਸ਼ਹਿਰੀ ਪਰਿਵਾਰ ਨਾਲ਼ ਸੰਬੰਧਤ ਹੈ। ਅਨੀਤਾ ਦਾ ਪਹਿਲਾ ਵਿਆਹ ਗੁਰਬਖਸ਼ ਸਿੰਘ ਨਾਲ਼ ਹੁੰਦਾ ਹੈ ਜੋ ਬਾਅਦ ਵਿਚ ਅਣਬਣ ਕਾਰਨ ਟੁੱਟ ਜਾਂਦਾ ਹੈ। ਕਾਫ਼ੀ ਸਮੇਂ ਤੋਂ ਉਹ ਆਪਣੇ ਨੌਕਰਾਣੀ ਮਾਇਆ ਸਹਾਰੇ ਦਿੱਲੀ ਵਿਚ ਇਕੱਲੀ ਰਹਿ ਰਹੀ ਹੈ। ਹੋਟਲ ਦੀ ਨੌਕਰੀ ਕਰਦਿਆਂ ਕਈ ਵਾਰ ਹੋਟਲ ਦੇ ਕੰਮ ਲਈ ਉਸਨੂੰ ਬਾਹਰ ਵੀ ਜਾਣਾ ਪੈਂਦਾ ਹੈ। ਇਸੇ ਤਰ੍ਹਾਂ ਪੂਨੇ ਵਿਚ ਹੋਟਲ ਦੇ ਕੰਮ ਦੌਰਾਨ ਉਸਨੂੰ ਉਸਦਾ ਪੁਰਾਣਾ ਜਾਣਕਾਰ ਵਿਅਕਤੀ ਅਜੈ ਮਿਲਦਾ ਹੈ, ਜਿਸ ਨਾਲ਼ ਉਸਦੀ ਨੇੜਤਾ ਹੋਣ ਤੋ ਬਾਅਦ ਸਰੀਰਕ ਸਬੰਧ ਬਣ ਜਾਂਦੇ ਹਨ। ਅਜੈ ਉਸਨੂੰ ਪਸੰਦ ਕਰਦਾ ਹੈ ਅਤੇ ਉਸ ਨਾਲ਼ ਵਿਆਹ ਵੀ ਕਰਾਉਣਾ ਚਾਹੁੰਦਾ ਹੈ, ਪਰ ਅਨੀਤਾ ਆਪਣੇ ਅਤੀਤ ਤੋਂ ਸੁਚੇਤ ਹੈ ਤੇ ਫ਼ੈਸਲਾ ਲੈਣ ਤੋਂ ਡਰਦੀ ਹੈ। ਉਹ ਆਪਣੀ ਭੈਣ ਵਿਨੀਤਾ ਨਾਲ਼ ਗੱਲ ਕਰਦੀ ਹੈ, ਉਸਦੀ ਰਾਇ ਲੈਣਾ ਚਾਹੁੰਦੀ ਹੈ। ਵਿਨੀਤਾ ਦੇ ਪਤੀ ਦੇ ਕਿਸੇ ਬਾਹਰੀ ਔਰਤ ਨਾਲ ਸੰਬੰਧ ਹੋਣ ਕਾਰਨ ਉਸਦਾ ਖ਼ੁਦ ਦਾ ਪਰਿਵਾਰ ਟੁੱਟਦੇ ਮਸਾਂ ਬਚਿਆ ਹੈ। ਉਸਦੀ ਬੇਟੀ ਅੰਜੂ ਦਾ ਵੀ ਇਕ ਵਿਆਹ ਟੁੱਟ ਚੁੱਕਿਆ ਹੈ ਤੇ ਦੂਸਰੀ ਥਾਂ ਪਵਨ ਨਾਲ਼ ਹੋਣ ਵਾਲ਼ਾ ਹੈ। ਵਿਨੀਤਾ ਦਾ ਪਰਿਵਾਰ ਇਕ ਸਾਧੂ ਬਾਬਾ, ਜਿਸਨੂੰ ਉਹ ਸੁਆਮੀ ਜੀ ਕਹਿੰਦੇ ਹਨ ਤੋਂ ਸਲਾਹ ਲੈਣ ਦੀ ਸੋਚਦੇ ਹਨ। ਸੁਆਮੀ ਜੀ ਨਾਲ਼ ਮੁਲਾਕਾਤ ਤੋਂ ਬਾਅਦ ਅਨੀਤਾ ਨੂੰ ਅਜੈ ਦੀਆਂ ਦੋ ਗੱਲਾਂ—ਅਜੇ ਦਾ ਬਿਨਾਂ ਦੱਸੇ ਸੁਆਮੀ ਜੀ ਦੀ ਪੜਤਾਲ ਕਰਨ ਲਈ ਸੋਲਨ ਜਾਣਾ ਅਤੇ ਨੌਕਰਾਣੀ ਮਾਇਆ ਦੇ ਦੱਸਣ ਅਨੁਸਾਰ ਸੋਨੇ ਦਾ ਹਾਰ ਦੇਣਾ ਪਤਾ ਲਗਦੀਆਂ ਹਨ। ਜਿਸ *ਤੇ ਅਨੀਤਾ ਭੜਕ ਉੱਠਦੀ ਹੈ, ਵਿਆਹ ਦਾ ਫ਼ੈਸਲਾ ਲੈਣ ਲਈ ਦੁਚੱਤੀ ਵਿਚ ਪੈ ਜਾਂਦੀ ਹੈ। ਉਸਦਾ ਮਨ ਡੋਲ ਜਾਂਦਾ ਹੈ ਕਿਉਂਕਿ ਇਕ ਵਾਰ ਪਹਿਲਾਂ ਵੀ ਉਹ ਵਿਆਹ ਦਾ ਦੁਖਾਂਤ ਹੰਢਾਅ ਚੁੱਕੀ ਹੈ। ਅਨੀਤਾ ਦੇ ਗਰਭਵਤੀ ਹੋਣਾ ਦਾ ਪਤਾ ਲੱਗਣ ਤੇ ਸਾਰੇ ਅਨੀਤਾ ਨੂੰ ਸਮਝਾਉਂਦੇ ਹਨ। ਅੰਤ ਦੋਬਾਰਾ ਅਜੈ ਨਾਲ਼ ਸਾਰੀ ਗੱਲ ਸਪੱਸ਼ਟ ਕਰ ਲੈਣ ਤੇ ਅਨੀਤਾ ਵਿਆਹ ਦਾ ਫ਼ੈਸਲਾ ਲੈ ਹੀ ਲੈਂਦੀ ਹੈ।

ਇਸ ਨਾਟਕ ਵਿਚ ਨਾਰੀ ਚੇਤਨਾ ਦੇ ਮੂਲ ਸਰੋਕਾਰਾਂ ਨੂੰ ਪੇਸ਼ ਕਰਦਿਆਂ ਯੁੱਗਾਂ ਤੋਂ ਹਾਸ਼ੀਏ ਤੇ ਰਹੀ ਔਰਤ ਦੇ ਬਦਲਦੇ ਸਰੂਪ ਨੂੰ ਪਕੜਿਆ ਗਿਆ ਹੈ। ਅੱਜ ਦੀ ਨੌਕਰੀ ਪੇਸ਼ਾ ਔਰਤ ਦੀ ਸ੍ਵੈ ਨਿਰਭਰਤਾ ਅਤੇ ਆਪਣੀ ਮਨਮਰਜ਼ੀ ਨੂੰ ਪ੍ਰਾਥਮਿਕਤਾ ਦੇਣਾ ਉਸਦੀ ਚੇਤਨਤਾ ਦਾ ਮੂਲ ਸੁਰ ਹੈ। ਇਸ ਨਾਟਕ ਦੀ ਪਾਤਰ ਅਨੀਤਾ ਵੀ ਪੜ੍ਹੀ ਲਿਖੀ ਸ੍ਵੈ—ਨਿਰਭਰ ਔਰਤ ਹੈ। ਸ੍ਵੈ—ਨਿਰਭਰਤਾ ਦਾ ਅਹਿਸਾਸ ਉਸ ਵਿਚ ਦਲੇਰੀ ਪੈਦਾ ਕਰਦਾ ਹੈ। ਆਰਥਿਕ ਸ੍ਵੈ—ਨਿਰਭਰਤਾ ਹੀ ਉਸਦੀ ਆਜ਼ਾਦੀ ਦਾ ਮੂਲ ਹੈੈ। ਉਹ ਆਪਣੀ ਮਨਮਰਜ਼ੀ ਦੀ ਜ਼ਿੰਦਗੀ ਜਿਉਂਦੀ ਹੈ। ਇਸੇ ਲਈ ਉਹ ਆਪਣੇ ਪਹਿਲੇ ਪਤੀ ਗੁਰਦਿਆਲ ਨੂੰ ਜੋ ਉਸਦੀ ਸੋਚ ਦੇ ਹਾਣ ਦਾ ਨਹੀਂ, ਛੱਡਣ ਦਾ ਫ਼ੈਸਲਾ ਕਰਦੀ ਹੈ।

ਅੱਜ ਦੀ ਔਰਤ ਜੇਕਰ ਸ੍ਵੈ—ਨਿਰਭਰ ਹੈ ਤੇ ਆਪਣੇ ਫ਼ੈਸਲੇ ਆਪ ਲੈਣਾ ਚਾਹੁੰਦੀ ਹੈ ਤਾਂ ਕਈ ਵਾਰ ਉਸਨੂੰ ਇਕੱਲਤਾ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸਾਡੇ ਸਮਾਜ ਵਿਚ ਇਕੱਲੀ ਔਰਤਾ ਦਾ ਜੀਣਾ ਬੜਾ ਮੁਸ਼ਕਲ ਹੋ ਜਾਂਦਾ ਹੈ। ਅਜੀਤ ਕੌਰ ਆਪਣੀ ਸ੍ਵੈ—ਜੀਵਨੀ *ਖਾਨਾਬਦੋਸ਼* ਵਿਚ ਬੜੀ ਬੇਬਾਕੀ ਨਾਲ ਹਿੰਦਸੁਤਾਨੀ ਔਰਤ ਦੀ ਇਕੱਲਤਾ ਬਿਆਨ ਕਰਦੀ ਹੋਈ ਲਿਖਦੀ ਹੈ :

ਗੁਨਾਹਿ ਅੱਵਲ — ਔਰਤ ਹੋਣਾ

ਗੁਨਾਹਿ ਦੋਮ — ਇਕੱਲੀ ਔਰਤ ਹੋਣਾ

ISSN(o): 2581-6241
Impact Factor: 6.471
Publication Date: 25/04/2023

ਗੁਨਾਹਿ ਮੋਮ — ਇਕੱਲੀ ਤੇ ਆਪਣੀ ਰੋਟੀ ਆਮ ਕਮਾਉਂਦੀ

ਗੁਨਾਹਿ ਅਜ਼ੀਮ—ਤਰੀਨ — ਆਪਦੀ ਰੋਟੀ ਆਪ ਕਮਾਂਦੀ, ਜ਼ਹੀਨ, ਖ਼ੁਦਦਾਰ

ਇਕੱਲੀ ਔਰਤ ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿਚ... ਗੁਨਾਹ ਏ। ਆਪਣੀਆਂ ਕਦਰਾਂ—ਕੀਮਤਾਂ ਨਾਲ਼ ਜੀਣਾ, ਖ਼ੁਦਦਾਰੀ ਨਾਲ਼ ਜੀਣਾ ਤੇ ਬਾਕੀ ਦੁਨੀਆਂ ਦੀਆਂ ਕਦਰਾਂ—ਕੀਮਤਾਂ ਨਾਲ਼ ਜੇ ਮਨ ਹੁੰਗਾਰਾ ਨਾ ਭਰੇ... ਤਾਂ ਸਮਝੌਤਾ ਨਾ ਕਰਨਾ।**1 ਇਸ ਨਾਟਕ ਵਿਚ ਮਾਇਆ ਅਤੇ ਅਨੀਤਾ ਦੋਨੋਂ ਇਕੱਲਤਾ ਦਾ ਸ਼ਿਕਾਰ ਹਨ। ਦੋਵੇਂ ਇਕ ਦੂਜੇ ਦਾ ਆਸਰਾ ਬਣਦੀਆਂ ਹਨ। ਨਿਮਨ ਅੰਕਿਤ ਅਨੀਤਾ ਦੀ ਵਾਰਤਾਲਾਪ ਤੋਂ ਸਥਿਤੀ ਸਪੱਸ਼ਟ ਹੋ ਜਾਂਦੀ ਹੈ :

ਅਨੀਤਾ : ... ਭੈਣ ਜੀ, ਜੇ ਮੈਂ ਇਨੇ ਸਾਲ ਕੱਲਿਆਂ ਕਟ ਲਏ ਤਾਂ ਸਿਰਫ਼ ਮਾਇਆ ਦੇ ਸਹਾਰੇ। ਔਰਤ ਦਾ ਕੱਲਿਆਂ ਰਹਿਣਾ ਕੋਈ ਸੌਖਾ ਹੈ ਸਾਡੇ ਦੇਸ ਵਿਚ ? ਲੋਕੀ ਜੀਣ ਨਹੀਂ ਦੇਂਦੇ। ਹਰ ਚੀਜ਼ ਤੇ ਨਿਗਾਹ ਰੱਖਦੇ ਨੇ। ਕੌਣ ਆਂਦਾ ਹੈ, ਕੌਣ ਜਾਂਦਾ ਹੈ। ਭੈਣ ਜੀ, ਤੁਸੀਂ ਅੰਦਾਜ਼ਾ ਨਹੀਂ ਲਾ ਸਕਦੇ ਕਿ ਇਹ ਅੱਠ—ਨੌਂ—ਸਾਲ ਕਿੰਨੇ ਔਖੇ ਕੱਢੇ ਨੇ ।**2

ਲੰਮੇ ਸਮੇਂ ਦੀ ਇਕੱਲਤਾ ਹੰਢਾਉਂਦਿਆਂ ਉਸਦੇ ਮਨ ਵਿੱਚ ਇਸ ਤਰ੍ਹਾਂ ਦੀ ਭਾਵਨਾ ਭਰ ਜਾਂਦੀ ਹੈ ਕਿ ਉਹ ਛੇਤੀ ਕੀਤਿਆ ਡੋਲਦੀ ਨਹੀਂ ਭਾਵੁਕ ਨਹੀਂ ਹੁੰਦੀ। ਇਕੱਲਤਾ ਉਸਨੂੰ ਸੰਘਰਸ਼ ਕਰਦਿਆਂ ਜੀਣਾ ਸਿਖਾ ਦਿੰਦੀ ਹੈ। ਉਹ ਆਪਣੀ ਅਣਖ ਨਹੀਂ ਛੱਡਦੀ, ਨੀਵਾਂ ਵੀ ਨਹੀਂ ਹੋਣਾ ਚਾਹੁੰਦੀ। ਇਕ ਕਰੜਾ ਸੰਜਮ ਉਸ ਵਿਚ ਆ ਜਾਂਦਾ ਹੈ। ਅਨੀਤਾ ਨੂੰ ਜਦੋਂ ਪਤਾ ਲਗਦਾ ਹੈ ਕਿ ਉਹ ਗਰਭਵਤੀ ਹੈ ਤਾਂ ਵੀ ਉਹ ਭਾਵੁਕਤਾ ਦੇ ਵਹਿਣ ਵਿਚ ਵਹਿ ਕੇ ਤਟ—ਫਟ ਫ਼ੈਸਲਾ ਨਹੀਂ ਲੈਂਦੀ, ਸਗੋਂ ਦ੍ਰਿੜ ਹੋ ਕੇ ਸੋਚਦੀ ਤੇ ਆਪਣੀ ਗੱਲ ਕਹਿੰਦੀ ਹੈ :

ਅਨੀਤਾ : ਮੈਂ ਐਸਾ ਵਿਆਹ ਕਦੀ ਨਹੀਂ ਕਰਾਂਗੀ ਜਿਸ ਤੋਂ ਇਹ ਲਗੇ ਕਿ ਮੈਂ ਫਸ ਗਈ ਸਾਂ ਤੇ ਇਸ ਲਈ ਮੈਂ ਵਿਆਹ ਕੀਤਾ। ਮੈਂ ਨੀਵਂ ਹੋ ਕੇ ਵਿਆਹ ਨਹੀਂ ਕਰਨਾ ।... ਮੈਂ ਆਪਰੇਸ਼ਨ ਕਰਵਾ ਲਵਾਂਗੀ, ਕੁਝ ਖਾ ਲਵਾਂਗੀ, ਕੱਲੀ ਰਹਿ ਲਵਾਂਗੀ, ਪਰ ਹਾਰ ਨਹੀਂ ਮੰਨਾਗੀ।3

ਅਨਜੋੜ ਵਿਆਹ ਇਸ ਨਾਟਕ ਦਾ ਇਕ ਹੋਰ ਸਰੋਕਾਰ ਹੈ। ਇਸ ਨਾਟਕ ਵਿਚ ਨਾਰੀ ਪਾਤਰ ਅਨਜੋੜ ਵਿਆਹ ਦੀ ਕਤਲੀਫ਼ ਹੰਢਾਉਂਦੇ ਹਨ। ਪਹਿਲੀ ਪਾਤਰ ਅਨੀਤਾ ਹੈ ਜੋ ਆਪਣੇ ਪਹਿਲੇ ਪਤੀ ਗੁਰਦਿਆਲ ਨਾਲੋਂ ਵਿਚਾਰਾਂ ਦੀ ਸਾਂਝ ਨਾ ਹੋਣ ਕਾਰਨ ਵੱਖ ਹੋ ਜਾਂਦੀ ਹੈ। ਦੂਸਰੀ ਪਾਤਰ ਅੰਜੂ ਵੀ ਆਪਣੇ ਪਤੀ ਸੰਤੋਸ਼ ਤੋਂ ਤੰਗ ਆ ਕੇ ਤਲਾਕ ਲੈ ਲੈਂਦੀ ਹੈ। ਦੋਨੋਂ ਔਰਤਾਂ ਅਨਜੋੜ ਵਿਆਹ ਦੇ ਦੁਖਾਂਤ ਨੂੰ ਹੰਢਾਉਂਦੀਆਂ ਆਪਣੇ ਪਤੀਆਂ ਤੋਂ ਵੱਖ ਹੋ ਜਾਂਦੀਆਂ ਹਨ। ਉਹ ਕਿਤੇ ਵੀ ਇਸ ਗੱਲੋਂ ਭਾਵੁਕ ਨਜ਼ਰ ਨਹੀਂ ਆਉਂਦੀਆਂ। ਉਹ ਆਪਣੇ ਫ਼ੈਸਲੇ ਨੂੰ ਸਵੀਕਾਰ ਕਰਦੀਆਂ, ਕਿਸੇ ਗੱਲੋਂ ਪਛਤਾਉਂਦੀਆਂ ਨਹੀਂ। ਇਹ ਇਸ ਗੱਲ ਦਾ ਸੂਚਕ ਹੈ ਕਿ ਅੱਜ ਔਰਤ ਦਲੇਰ ਤੇ ਬੇਬਾਕ ਹੈ, ਜਿਸਨੂੰ ਮਰਦ ਪ੍ਰਧਾਨ ਸਮਾਜ ਦੂਜੈਲਾ ਸਥਾਨ ਦਿੰਦਾ ਹੋਇਆ ਦੁਰਕਾਰਦਾ ਰਿਹਾ ਹੈ ਅੱਜ ਉਹ ਮਰਦ ਨੂੰ ਕੁਰਕਾਰਣ ਦਾ ਹੌਸਲਾ ਰੱਖਦੀ ਹੈ। ਇਥੇ ਇਹ ਪਰਿਭਾਸ਼ਾ ਟੁੱਟਦੀ ਨਜ਼ਰ ਆਉਂਦੀ ਹੈ ਕਿ ਔਰਤ ਅਤੇ ਮਰਦ ਜ਼ਿੰਦਗੀ ਰੂਪੀ ਗੱਡੀ ਦੇ ਦੋ ਪਹੀਏ ਹਨ। ਅੱਜ ਨਾਰੀ ਰਿਸ਼ਤਿਆਂ ਦੇ ਟੁੱਟਣ ਨੂੰ ਬੋਝ ਮੰਨ ਕੇ ਸਾਰੀ ਜ਼ਿੰਦਗੀ ਨਹੀਂ ਕੱਟਦੀ, ਸਗੋਂ ਸਹਿਜ ਰੂਪ ਵਿਚ ਵਿਚਰਦਿਆਂ ਨਵੇਂ ਰਿਸ਼ਤੇ ਸਵੀਕਾਰ ਕਰਨ ਲਈ ਤਿਆਰ ਜੋ ਜਾਂਦੀ ਹੈ। ਉਹ ਮਰਦ ਨੂੰ ਸਿਰਫ਼ ਸਹਾਰਾ ਸਮਝ ਕੇ ਨਹੀਂ ਸਵੀਕਾਰਦੀ ਸਗੋਂ ਆਪਣੀ ਵੱਖਰੀ ਪਛਾਣ ਬਣਾਉਣਾ ਲੋਚਦੀ ਹੈ।

ਨਾਰੀ ਨੂੰ ਲਗਾਤਾਰ ਹਾਸ਼ੀਆਗਤ ਹੋਂਦ ਦਾ ਅਹਿਸਾਸ ਕਰਵਾਇਆ ਜਾਂਦਾ ਰਿਹਾ ਹੈ। ਆਰਥਿਕ ਵਟਾਂਦਰੇ ਦਾ ਸਾਰਾ ਨਿਯੰਤਰਨ ਪੁਰਖ ਦੇ ਹੱਥਾਂ ਵਿਚ ਹੋਣ ਕਾਰਨ ਨਾਰੀ ਨੂੰ ਆਪਣੀ ਸਰਗਰਮ ਭੂਮਿਕਾ ਨਿਭਾਉਣ ਦਾ ਕੋਈ ਮੌਕਾ ਨਹੀਂ ਮਿਲਿਆ। ਉਸਨੂੰ ਹਮੇਸ਼ਾ ਭੋਗਣ ਦੀ ਵਸਤੂ ਸਮਝਿਆ ਜਾਂਦਾ ਰਿਹਾ ਹੈ। ਅਨੀਤਾ ਪੜ੍ਹੀ—ਲਿਖੀ ਤੇ ਸੁਚੇਤ ਔਰਤ ਹੈ ਪਰ ਕਿਸੇ ਦੇ ਮਕੜ—ਜਾਲ਼ ਵਿਚ ਨਹੀਂ ਫਸਦੀ ਪਰ ਆਪਣੇ ਦਫ਼ਤਰ ਦੇ ਕੰਮ ਵਿਚ ਇਸ ਗੱਲ ਦਾ ਸਾਹਮਣਾ ਕਰਦੀ ਹੈ :

ਅਨੀਤਾ : ... ਹੋਟਲ ਦੇ ਕੰਮ ਵਿਚ ਬੜੇ ਚਾਲੂ ਲੋਕ ਮਿਲਦੇ ਨੇ। ਇਸ ਲਈ ਪੱਲੂ ਬਚਾ ਕੇ ਹੀ ਚੱਲਣਾ ਪੈਂਦਾ ਹੈ। ... ਪਰ ਇਕ ਮੇਰਾ ਅਫ਼ਸਰ ਮੇਰੇ ਬੜੇ ਮਗਰ ਪੈ ਗਿਆ, ਬੜੀ ਮੁਸ਼ਕਲ ਨਾਲ਼ ਉਹਦੇ ਕੋਲੋਂ ਖਹਿੜਾ ਛੁਡਾਇਆ।4

ਇਸ ਤਰ੍ਹਾਂ ਨਾਰੀ ਨੂੰ ਆਪਣਾ ਆਲ੍ਹਾ—ਦੁਆਲ੍ਹਾ ਅਸੁਰੱਖਿਅਤ ਜਾਪਦਾ ਹੈ ਕਿਉਂਕਿ ਨਾਰੀ ਨੂੰ ਦੇਹ ਤੋਂ ਅੱਗੇ ਸਮਝਣ ਅਤੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾਂਦੀ। **ਸਾਡੇ ਸਮਾਜ ਦੀ ਬਣਤਰ, ਇਹਦੇ ਸਭਿਆਚਾਰਕ ਪ੍ਰਤੀਮਾਨ ਅਤੇ ਮਰਦ—ਪੱਖੀ ਕਾਇਦੇ—ਕਾਨੂੰਨ ਔਰਤ ਦੀ ਸੁੰਦਰ ਦੇਹ ਨੂੰ ਮਾਨਣ ਦੀ ਤਾਂ ਇਜ਼ਾਜਤ ਦਿੰਦੇ ਹਨ ਪਰ ਇਸਦੀ ਦੇਹ ਅੰਦਰਲੀ ਮਾਨਵੀ ਔਰਤ ਨੂੰ ਵਿਗਸਣ ਤੇ ਸੌ ਬੰਦਸ਼ਾ ਲਾਉਂਦੇ ਹਨ।**5 ਇਸ ਲਈ ਸਾਡੇ ਸਮਾਜ ਵਿਚ ਵਿਅਹ ਵਰਗੀ ਸੰਸਥਾ ਦੀ ਲੋੜ ਪੈਂਦੀ ਹੈ। ਇਸੇ ਹੀ ਕਾਰਨ ਅਨੀਤਾ ਵਰਗੀ ਔਰਤ ਨੂੰ ਫ਼ੈਸਲਾ ਲੈਣ ਲੱਗਿਆਂ ਸੋਚਣਾ ਪੈਂਦਾ ਹੈ।

ਅਮਰੀਕ ਸਿੰਘ ਰਚਿਤ ਇਸ ਨਾਟਕ ਦੀਆਂ ਨਾਰੀ ਪਾਤਰ ਪੂੰਜੀਵਾਦੀ ਜੀਵਨ—ਜਾਚ ਦੀਆਂ ਧਾਰਨੀ ਹਨ। ਮੱਧਵਰਗੀ ਸ਼ਹਿਰੀ ਜੀਵਨ ਅਤੇ ਖੁੱਲ੍ਹੀ ਸੋਚ ਸਦਕਾ ਗੰਭੀਰ ਪ੍ਰਸਥਿਤੀਆਂ ਵਿਚ ਵੀ ਸਹਿਜ—ਸੁਭਾਅ ਵਿਚਰਦੀਆਂ ਹਨ। ਉਹ ਵਿਆਹ ਨੂੰ ਜਨਮ—ਜਨਮ ਦਾ ਸਾਥ ਨਹੀਂ ਮੰਨਦੀਆਂ। ਅੰਜੂ ਤੇ ਅਨੀਤਾ ਦੇ ਵਿਆਹ ਦਾ ਟੁੱਟਣਾ, ਉਹਨਾਂ ਨੂੰ ਤਕਲੀਫ਼ ਤਾਂ ਦਿੰਦਾ ਹੈ ਪਰ ਉਹ ਆਪਣੀ ਜ਼ਿੰਦਗੀ ਬਦਤਰ ਨਹੀਂ ਬਣਨ ਦਿੰਦੀਆਂ।

**Shikshan Sanshodhan** : Journal of Arts, Humanities and Social Sciences ISSN(o): 2581-6241
Monthly, Peer-Reviewed, Refereed, Indexed Journal Impact Factor: 6.471
Volume - 6, Issue - 4, April - 2023 Publication Date: 25/04/2023

ਅਨੀਤਾ ਦਾ ਗਰਭਵਤੀ ਹੋਣਾ ਪਰਿਵਾਰਕ ਮੈਂਬਰਾਂ ਵਿਚ ਇਕ ਚਿੰਤਾ ਤਾਂ ਪੈਦਾ ਕਰਦਾ ਹੈ ਪਰ ਇਸਨੂੰ ਹਊਆ ਬਣਾ ਕੇ ਪੇਸ਼ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਇਸ ਨਾਟਕ ਵਿਚ ਪਰੰਪਰਾਂਵਾਦੀ ਕਦਰਾਂ—ਕੀਮਤਾਂ ਤੋਂ ਮੁਕਤ, ਨਵੇਂ ਪ੍ਰਤੀਮਾਨ, ਮਿਆਰ ਤੇ ਖੁੱਲ੍ਹਾਂ ਦਾ ਪ੍ਰਗਟਾਵਾ ਕੀਤਾ ਮਿਲਦਾ ਹੈ।

ਮਰਦ ਦੀ ਔਰਤ ਉੱਪਰ ਕਾਬਜ਼ ਹੋਣ ਦੀ ਪ੍ਰਵਿਰਤੀ ਹਮੇਸ਼ਾ ਰਹਿੰਦੀ ਹੈ। ਜਦੋਂ ਉਹ ਔਰਤ ਨੂੰ ਅਧੀਨ ਜਾਂ ਦਬਾਅ ਕੇ ਰੱਖਣ ਤੋਂ ਅਸਰਮੱਥ ਹੁੰਦਾ ਹੈ ਤਾਂ ਆਪਣੇ ਹਉਂ ਨੂੰ ਉੱਚਾ ਰੱਖਣ ਅਤੇ ਆਪਣੇ ਮਰਦਾਊਪੁਣੇ ਦਾ ਰੋਅਬ ਜਤਾਉਣ ਲਈ ਔਰਤ ਤੇ ਇਲਜ਼ਾਮ ਲਗਾਉਣਾ ਮੁੱਢ ਤੋਂ ਹੀ ਉਸਦਾ ਖਾਸਾ ਹੈ। ਚਾਹੇ ਕਾਰਨ ਕੋਈ ਵੀ ਹੋਵੇ ਮਰਦ ਹਮੇਸ਼ਾਂ ਦੂਜੇ ਮਰਦਾਂ ਨਾਲ ਸੰਬੰਧਾਂ ਦੇ ਝੂਠੇ ਆਧਾਰ ਤੇ ਔਰਤ ਨੂੰ ਬਦਨਾਮ ਕਰਨ ਦੇ ਯਤਨ ਕਰਦਾ ਹੈ। ਇਸ ਨਾਟਕ ਵਿਚ ਜਦੋਂ ਅੰਜੂ ਅਤੇ ਸੰਤੋਸ਼ ਵਿਚ ਝਗੜੇ ਸ਼ੁਰੂ ਹੋਏ ਤਾਂ ਸੰਤੋਸ਼ ਵੀ ਅੰਜੂ ਦੇ ਦੋਸ਼ ਲਗਾਉਂਦਾ ਹੈ :

ਅਨੀਤਾ : ਜਦ ਝਗੜੇ ਸ਼ੁਰੂ ਹੋਏ ਤਾਂ ਸੰਤੋਸ਼ ਨੇ ਵੀ ਆਪਣਾ ਬਚਾਅ ਕਰਨਾ ਸੀ। ਉਹਨੇ ਗੱਲ ਬਣਾ ਲਈ ਕਿ ਅੰਜੂ ਦੀ ਗੱਲ ਪਹਿਲਾਂ ਤੋਂ ਹੀ ਪਵਨ ਨਾਲ਼ ਚਲ ਰਹੀ ਸੀ। ਹਾਲਾਂਕਿ ਇੰਜ ਹੈ ਨਹੀਂ ਸੀ।6

ਅਜਿਹਾ ਕੁਝ ਹੀ ਅਨੀਤਾ ਨਾਲ਼ ਵੀ ਵਾਪਰਦਾ ਹੈ। ਅਨੀਤਾ ਦੇ ਆਪਣੀ ਮਰਜ਼ੀ ਨਾਲ਼ ਟ੍ਰੇਨਿੰਗ ਤੇ ਜਾਣ ਤੇ ਗੁਰਦਿਆਲ ਉਸ ਉੱਪਰ ਕਿਸੇ ਹੋਰ ਨਾਲ਼ ਦੋਸਤੀ ਦੇ ਇਲਜ਼ਾਮ ਲਗਾਉਣ ਲੱਗ ਪਿਆ ਸੀ। ਹੁਣ ਔਰਤ ਸੁਚੇਤ ਹੈ। ਆਪਣੇ ਨਾਲ਼ ਹੁੰਦੇ ਨਿਆਂ—ਅਨਿਆਂ ਤੇ ਹੱਕ—ਅਣਹੱਕ ਨੂੰ ਸਮਝਣ ਲੱਗ ਪਈ ਹੈ ਲੋੜ ਪੈਣ ਤੇ ਵਿਦਰੋਹ ਵੀ ਕਰਦੀ ਹੈ।

ਸੋ ਪੁਰਾਤਨ ਨਾਟਕਾਂ ਵਿਚ ਜਿਥੇ ਨਾਰੀ ਕੇਵਲ ਦਮਨ ਸਹਿੰਦੀ, ਬੇਬੱਸ ਪਾਤਰ ਬਣ ਕੇ ਦਰਸ਼ਕਾਂ ਦੇ ਰੂ—ਬ—ਰੂ ਹੁੰਦੀ ਰਹੀ ਹੈ ਤੇ ਬਦਲੇ ਵਿਚ ਕੇਵਲ ਹਮਦਰਦੀ ਪ੍ਰਗਟ ਕਰਦੀ ਰਹੀ ਹੈ, ਉਥੇ ਆਧੁਨਿਕ ਸੋਚ ਅਤੇ ਪੱਛਮੀ ਚਿੰਤਨ ਦੇ ਪ੍ਰਭਾਵ ਅਧੀਨ ਉਹ ਆਪਣੇ ਹੱਕਾਂ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ। ਅਣਜੋੜ ਵਿਆਹ ਦਾ ਸ਼ਿਕਾਰ ਹੋ ਕੇ ਰਿਸ਼ਤੇ ਦੇ ਬੋਝ ਨੂੰ ਚੁੱਕ ਕੇ ਨਹੀ ਚਲਦੀ, ਸਗੋਂ ਛੁਟਕਾਰਾ ਪਾਉਣ ਨੂੰ ਬਿਹਤਰ ਸਮਝਦੀ ਹੈ। ਮਰਦ ਦੀ ਵਧੀਕੀ ਨਹੀਂ ਸਹਿੰਦੀ, ਵਿਦਰੋਹ ਵੀ ਕਰਦੀ ਹੈ। ਇਕੱਲਤਾ ਤੋਂ ਨਿਜ਼ਾਤ ਪਾਉਣ ਲਈ ਦੂਜੇ ਵਿਆਹ ਦਾ ਫ਼ੈਸਲਾ ਲੈ ਲੈਂਦੀ ਹੈ ਕਿਉਂਕਿ ਉਸਨੂੰ ਲਗਦਾ ਹੈ ਕਿ ਔਰਤ ਅਤੇ ਮਰਦ ਇਕ ਦੂਜੇ ਦੇ ਪੂਰਕ ਹਨ। ਵਿਆਹ ਪ੍ਰਬੰਧ ਰਾਹੀਂ ਮਰਦ ਦੀ ਲੋੜ ਦ੍ਰਿਸ਼ਟੀਗੋਚਰ ਹੋਈ ਹੈ। ਅਨੀਤਾ ਦਾ ਇਕੱਲਤਾ ਤੋਂ ਤੰਗ ਆਉਣਾ, ਅੰਜੂ ਦਾ ਦੂਜੇ ਵਿਆਹ ਲਈ ਤਿਆਰ ਹੋਣਾ ਇਸ ਗੱਲ ਦਾ ਪ੍ਰਗਟਾਅ ਹੈ। ਇਸ ਤੋਂ ਸਪੱਸ਼ਟ ਹੈ ਕਿ ਕਿਤੇ ਨਾ ਕਿਤੇ ਇਨ੍ਹਾਂ ਔਰਤਾਂ ਅੰਦਰ ਸਾਡੀ ਪੁਰਾਤਨ ਸੰਸਕ੍ਰਿਤੀ, ਕਦਰਾਂ—ਕੀਮਤਾਂ ਤੇ ਸਭਿਆਚਾਰ ਦਾ ਡੂੰਘਾ ਪ੍ਰਭਾਵ ਜ਼ਰੂਰ ਸ਼ਾਮਿਲ ਹੈ। ਪੁਰਾਤਨਤਾ ਤੇ ਆਧੁਨਿਕਤਾ ਨਾਲ਼ੋ—ਨਾਲ਼ ਚਲਦੀਆਂ ਹਨ ਕਿਉਂਕਿ ਹਰ ਸਮੇਂ ਮਨੁੱਖ ਇਨ੍ਹਾਂ ਦੇ ਸੁਮੇਲ ਵਿਚ ਹੀ ਵਿਚਰਦਾ ਹੈ। ਇਸੇ ਲਈ ਅਮਰੀਕ ਸਿੰਘ ਲਿਖਦਾ ਹੈ। **ਦੇਸ਼ ਅੱਜ ਐਸੇ ਦੌਰ ਵਿਚੋਂ ਲੰਘ ਰਿਹਾ ਹੈ ਕਿ ਹਰ ਹਿੰਦੁਸਤਾਨੀ ਖਾਸ ਤੌਰ ਤੇ ਹਰ ਔਰਤ, ਇਕੋ ਵੇਲੇ ਤਿੰਨ ਸਦੀਆਂ ਵਿਚ ਰਹਿੰਦੀ ਹੈ। ਕਈ ਗੱਲਾਂ ਵਿਚ ਉਹ ਇੱਕੀਵੀਂ ਸਦੀ ਵਿਚ ਪੈਰ ਰੱਖ ਚੁੱਕੀ ਹੈ। ਬਹੁਤਾ ਚਿਰ ਵੀਹਵੀਂ ਸਦੀ ਵਿਚ ਵਿਚਰਦੀ ਹੈ ਤੇ ਕਈ ਗੱਲਾਂ ਵਿਚ ਉਨੀਵੀਂ ਸਦੀ ਦੀ ਸੋਚ ਉਸ ਉੱਪਰ ਕਾਫ਼ੀ ਹੱਦ ਤੱਕ ਹਾਵੀ ਹੁੰਦੀ ਹੈ।**7

**ਹਵਾਲੇ ਅਤੇ ਟਿੱਪਣੀਆਂ :**

1. ਅਜੀਤ ਕੌਰ, ਖਾਨਾਬਦੋਸ਼, ਨਵਯੁੱਗ ਪਬਲਿਸ਼ਰਜ਼, ਦਿੱਲੀ, ਪੰਨਾ 30.
2. ਅਮਰੀਕ ਸਿੰਘ (ਡਾ.) ਅਨੀਤਾ ਦਾ ਫ਼ੈਸਲਾ, ਨਵਯੁੱਗ ਪਬਲਿਸ਼ਰਜ਼, ਦਿੱਲੀ, ਪੰਨਾ 25.
3. ਉਹੀ, ਪੰਨਾ 82.
4. ਉਹੀ, ਪੰਨਾ 20.
5. ਲਾਭ ਸਿੰਘ ਖੀਵਾ (ਡਾ.) ਨਾਰੀ ਦੇਹ : ਸਿਧਾਂਤ ਤੇ ਵਿਹਾਰ, ਨਾਰੀ ਦ੍ਰਿਸ਼ਟੀ (ਸੰਪਾ: ਚਰਨਜੀਤ ਕੌਰ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 86
6. ਅਮਰੀਕ ਸਿੰਘ (ਡਾ.), ਅਨੀਤਾ ਦਾ ਫ਼ੈਸ਼ਲਾ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ 13.
7. ਉਹੀ, ਪੰਨਾ (ਸਰਵਰਕ)